BRAMPTON Flower City brampton.ca

Service and Information Update

14 ਮਈ, 2018

# ਸਿਟੀ ਆਫ ਬ੍ਰੈਂਪਟਨ ਵਿੱਚ ਵਿਕਟੋਰੀਆ ਡੇ 2018

ਬ੍ਰੈਂਪਟਨ ਸਿਟੀ ਹਾਲ (Brampton City Hall) ਸੋਮਵਾਰ, 21 ਮਈ ਨੂੰ ਵਿਕਟੋਰੀਆ ਡੇ (Victoria Day) ਦੇ ਮੌਕੇ 'ਤੇ ਬੰਦ ਰਹੇਗਾ। ਇਸਦੇ ਨਤੀਜੇ ਵਜੋਂ, ਸਿਟੀ ਦੀਆਂ ਕੁਝ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟੇ ਹੋਏ ਸੇਵਾ ਪੱਧਰਾਂ ਹੇਠ ਕੰਮ ਕਰਨਗੀਆਂ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਰਮਿਟਾਂ ਲਈ ਦਰਖਾਸਤ ਨਹੀਂ ਦੇ ਸਕਣਗੇ ਜਾਂ ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ, ਕਿਰਪਾ ਕਰਕੇ www.brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ: ਫਾਇਰ ਅਤੇ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)। ਸਿਟੀ ਆਫ ਬ੍ਰੈਂਪਟਨ ਸੇਵਾ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਟ੍ਰਾਂਜ਼ਿਟ ਸੇਵਾਵਾਂ**

ਵਿਕਟੋਰੀਆ ਡੇ ਵੀਕੈਂਡ ਲਈ ਬ੍ਰੈਂਪਟਨ ਟ੍ਰਾਂਜ਼ਿਟ ਦੀ ਸਮਾਂ ਸੂਚੀ ਇਸ ਪ੍ਰਕਾਰ ਹੈ:

- ਸ਼ੁੱਕਰਵਾਰ, 18 ਮਈ: ਕਾਰਜਦਿਨ ਵਾਲੀ ਨਿਯਮਿਤ ਸੇਵਾ
- ਸ਼ਨੀਵਾਰ, 19 ਮਈ: ਸ਼ਨੀਵਾਰ ਵਾਲੀ ਨਿਯਮਿਤ ਸੇਵਾ
- ਐਤਵਾਰ, 20 ਮਈ: ਐਤਵਾਰ/ਛੁੱਟੀ ਵਾਲੇ ਦਿਨ ਦੀ ਸੇਵਾ
- ਸੋਮਵਾਰ, 21 ਮਈ: ਐਤਵਾਰ/ਛੁੱਟੀ ਵਾਲੇ ਦਿਨ ਦੀ ਸੇਵਾ

ਟ੍ਰਾਂਜ਼ਿਟ ਸਟੋਰ ਵਿਕਟੋਰੀਆ ਡੇ ਦੇ ਮੌਕੇ 'ਤੇ 21 ਮਈ ਨੂੰ ਬੰਦ ਰਹਿਣਗੇ।

ਰੂਟਾਂ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ www.bramptontransit.com 'ਤੇ ਜਾਓ ਅਤੇ ਅਗਲੀ ਬੱਸ ਬਾਰੇ ਜਾਣਕਾਰੀ ਲਈ ਨੈਕਸਟ ਰਾਈਡ (Next Ride) ਦੀ ਵਰਤੋਂ ਕਰੋ। ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ ਜਾਂ nextride.brampton.ca 'ਤੇ ਅਗਲੀ ਬੱਸ ਬਾਰੇ ਜਾਣਕਾਰੀ ਦੇਖੋ।

**ਰੇਕ੍ਰੀਏਸ਼ਨ**

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ (ਕੇਂਦਰ) ਵਿਕਟੋਰੀਆ ਡੇ ਵੀਕੈਂਡ ਨੂੰ ਖੁੱਲ੍ਹਦੇ ਹਨ। ਕਿਰਪਾ ਕਰਕੇ ਕਾਰਜਕਰਮ ਦੀਆਂ ਸਮਾਂ ਸੂਚੀਆਂ ਦੀ ਪੁਸ਼ਟੀ ਕਰਨ ਲਈ ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਵਿਖੇ ਫੋਨ ਕਰੋ, 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਪਟਾਕਿਆਂ ਤੋਂ ਸੁਰੱਖਿਆ**

ਵਿਕਟੋਰੀਆ ਡੇ ਦੇ ਮੌਕੇ 'ਤੇ ਸਿਟੀ ਆਫ ਬ੍ਰੈਂਪਟਨ (City of Brampton) ਵੱਲੋਂ ਕਿਸੇ ਵੀ ਪਟਾਕਿਆਂ ਦੇ ਪ੍ਰਦਰਸ਼ਨ ਦਾ ਆਯੋਜਨ ਨਹੀਂ ਕੀਤਾ ਜਾਂਦਾ ਹੈ।

ਪਿਛਲੇ ਸਾਲ ਪਟਾਕਾ ਵਿਕਰੇਤਾਵਾਂ ਵੱਲੋਂ ਪਟਾਕੇ ਵੇਚਣ ਤੋਂ ਪਹਿਲਾਂ ਲਸੰਸਸ਼ੁਦਾ ਹੋਣ ਲਈ ਇੱਕ ਲਾਜ਼ਮੀ ਸਾਲਾਨਾ ਕੋਰਸ ਪੇਸ਼ ਕੀਤਾ ਗਿਆ ਹੈ। ਸਿਟੀ ਦੀ ਵੈਬਸਾਈਟ 'ਤੇ ਵਿਕਟੋਰੀਆ ਡੇ ਲਈ ਬ੍ਰੈਂਪਟਨ ਵਿੱਚ ਪਟਾਕੇ ਵੇਚਣ ਲਈ ਲਸੰਸਸ਼ੁਦਾ ਵਿਕਰੇਤਾਵਾਂ ਦੀ ਸੂਚੀ ਪੋਸਟ ਕੀਤੀ ਜਾਏਗੀ।

ਵਿਕਟੋਰੀਆ ਡੇ ਸਾਲ ਵਿੱਚ ਉਹਨਾਂ ਚਾਰ ਮੰਜ਼ੂਰੀ ਪ੍ਰਾਪਤ ਦਿਨਾਂ ਵਿੱਚੋਂ ਇੱਕ ਹੈ, ਜਦੋਂ ਨਿੱਜੀ ਪ੍ਰਾਪਰਟੀ 'ਤੇ, ਇਜਾਜ਼ਤ ਦੀ ਲੋੜ ਦੇ ਬਿਨਾਂ, ਛੋਟੀ-ਰੇਂਜ਼ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਛੋਟੀ-ਰੇਂਜ ਵਾਲੇ ਪਟਾਕੇ ਉਹ ਹੁੰਦੇ ਹਨ, ਜੋ ਚਲਾਏ ਜਾਣ 'ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ 'ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ ਨਿਵਾਸੀਆਂ ਨੂੰ ਯਾਦ ਦਵਾਉਂਦੀ ਹੈ ਕਿ ਪਟਾਕਿਆਂ ਨੂੰ ਗਲੀ, ਪਗਡੰਡੀਆਂ 'ਤੇ, ਸਿਟੀ ਪਾਰਕਾਂ ਦੇ ਅੰਦਰ ਜਾਂ ਮਿਊਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਆਂ 'ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ।

ਆਪਣੀ ਪ੍ਰਾਪਰਟੀ 'ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਤੁਹਾਡੇ ਲਈ ਇਹਨਾਂ safety precautions (ਸੁਰੱਖਿਆ ਸਾਵਧਾਨੀਆਂ) ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਪਾਣੀ ਦਾ ਕੰਟੇਨਰ ਜਾਂ ਪਾਣੀ ਨਾਲ ਭਰੀ ਕੋਈ ਹੋਜ਼ ਲਾਈਨ ਹੋਣੀ ਚਾਹੀਦੀ ਹੈ ਜੋ ਪਟਾਕੇ ਬੁਝਾਉਣ ਲਈ ਉਪਲਬਧ ਹੋਵੇ
- ਤੁਹਾਨੂੰ ਫੁਲਝੜੀ ਨੂੰ ਛੱਡ ਕੇ, ਕਦੇ ਵੀ ਆਪਣੇ ਹੱਥ ਵਿੱਚ ਪਟਾਕੇ ਨੂੰ ਅੱਗ ਨਹੀਂ ਲਾਉਣੀ ਚਾਹੀਦੀ ਜਾਂ ਅੱਗ ਲੱਗੇ ਪਟਾਕੇ ਨੂੰ ਹੱਥ ਵਿੱਚ ਨਹੀਂ ਫੜਨਾ ਚਾਹੀਦਾ
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਨੂੰ ਸੁੱਟਣ ਤੋਂ ਪਹਿਲਾਂ ਪੂਰੀ ਤਰ੍ਹਾਂ ਨਾਲ ਠੰਡਾ ਹੋਣ ਦੇਣ ਲਈ ਪਾਣੀ ਦੇ ਕੰਟੇਨਰ ਵਿੱਚ ਪਾ ਦਿਓ
- ਸਾਰੇ ਪਟਾਕਿਆਂ ਨੂੰ ਸੁੱਟਣ ਤੋਂ ਪਹਿਲਾਂ ਠੰਡਾ ਹੋਣ ਦਿਓ

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਵਿੱਚ ਸਾਰੀਆਂ ਲਾਇਬ੍ਰੇਰੀ ਬ੍ਰਾਂਚਾਂ (ਸਿਵਿਕ ਸੈਂਟਰ (Civic Centre) ਵਿੱਚ ਚਿੰਗਕੂਜ਼ੀ ਬ੍ਰਾਂਚ (Chinguacousy Branch), ਸਿਰਿਲ ਕਲਾਰਕ (Cyril Clark), ਫੋਰ ਕੋਰਨਰਸ (Four Corners), ਗੋਰ ਮੈਡੋਜ਼ (Gore Meadows Branch), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village) ਅਤੇ ਸਾਊਥ ਫਲੈਚਰਸ (South Fletcher's) ਵਿਕਟੋਰੀਆ ਡੇ (Victoria Day) ਨੂੰ ਬੰਦ ਰਹਿਣਗੀਆਂ:

ਹੋਰ ਜਾਣਕਾਰੀ ਲਈ, 905.793.4636 ਜਾਂ 311 'ਤੇ ਕਾਲ ਕਰੋ, ਜਾਂ www.bramptonlibrary.ca 'ਤੇ ਜਾਓ।

-30-

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca